ਦਫਤਰ :- ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋ:ਨਿ:ਵਿ: ਭ ਤੇ ਮ ਸ਼ਾਖਾ, ਸਾਹਮਣੇ ਪੁਲਿਸ ਸਟੇਸ਼ਨ, ਇੰਡਸਟ੍ਰੀਅਲ ਏਰੀਆ ਫੇਸ-1, ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)

E-mail Id: ee.pd.moh.pwd@punjab.gov.in, Tel. & Fax No. 0172-2226328

ਵੱਲ,

The Principal,
Gem Public Sr. Sec. School,
Phase – 3B2, SAS Nagar.

ਨੰ: 6680 ਮਿਤੀ: 21/08/25

ਵਿਸ਼ਾ:- ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਦਾ ਪੱਤਰ ਮਿਤੀ 25.05.2025 ਅਤੇ Er. Saurabh Kumar, A.M. I.E. (Civil), 7 Frame Designs, SCO 56, 3rd Floor, Central Plaza, Sector 105, Mohali ਦਾ ਪੱਤਰ ਨੰ: 39/7F/2025 ਮਿਤੀ 24.07.2025

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਮੰਡਲ ਅਧੀਨ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਭ ਤੇ ਮ ਸ਼ਾਖਾ, ਐਸ. ਏ. ਐਸ. ਨਗਰ ਦੀ ਰਿਪੋਰਟ ਅਨੁਸਾਰ ਸਕੂਲ ਦੀ ਬਿਲਡਿੰਗ ਦਾ ਨਿਰੀਖਣ ਕੀਤਾ ਗਿਆ ਅਤੇ ਨਿਰੀਖਣ ਦੌਰਾਨ ਸਕੂਲ ਦੀ ਬਿਲਡਿੰਗ ਨੱਥੀ ਪਲਾਨ ਅਨੁਸਾਰ ਠੀਕ ਹੈ ਅਤੇ Visual Inspection ਅਨੁਸਾਰ ਬਿਲਡਿੰਗ ਸੇਫ ਜਾਪਦੀ ਹੈ। ਇਸ ਤੋਂ ਇਲਾਵਾ ਇੱਕ ਨਿੱਜੀ ਸਟਰੱਕਚਰਲ ਇੰਜੀਨੀਅਰ / ਫਰਮ ਵਲੋਂ ਵੀ ਇਸ ਬਿਲਡਿੰਗ ਦੀ ਸਟਰੱਕਚਰ ਪੱਖੋਂ ਇੰਸਪੈਕਸ਼ਨ ਕੀਤੀ ਗਈ ਹੈ। ਇਹ ਬਿਲਡਿੰਗ ਵਰਤੋਂ ਲਈ ਸਟਰੱਕਚਰਲ ਤੌਰ ਤੇ ਸੇਫ ਪਾਈ ਗਈ ਹੈ ਅਤੇ ਉਹਨਾਂ ਵਲੋਂ ਇਸ ਬਾਬਤ ਜਾਰੀ ਸਰਟੀਫਿਕੇਟ ਪੱਤਰ 39/7F/2025 ਮਿਤੀ 24.07.2025 ਨਾਲ ਨੱਥੀ ਹੈ। ਮਾਨਯੋਗ ਸਕੱਤਰ, ਪੰਜਾਬ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਚੰਡੀਗੜ੍ਹ ਜੀ ਦੇ ਦਫਤਰੀ ਹੁਕਮ ਨੰ. 5/13/2018-3BR3/1294287/3 ਮਿਤੀ 10-08-2018 ਰਾਹੀਂ ਨਿਰਧਾਰਿਤ ਕੀਤੀ ਗਈ ਇੰਸਪੈਕਸ਼ਨ ਫੀਸ ਬਾਬਤ ਰਕਮ 10,000/- ਰੁਪਏ, ਡੀ.ਡੀ. ਨੰ. 822335 ਮਿਤੀ 12-08-2025 ਰਾਹੀਂ ਜਮ੍ਹਾਂ ਕਰਵਾ ਦਿੱਤੀ ਗਈ ਹੈ। ਜਿਸ ਸਬੰਧੀ ਸਕੂਲ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2025-26 (31.03.2026) ਤੱਕ ਨਾਲ ਨੱਥੀ ਸ਼ਰਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ।

ਨੱਥੀ/ਬਿਲਡਿੰਗ ਸੇਫਟੀ ਸਰਟੀਫਿਕੇਟ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ. ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਐਸ. ਏ. ਐਸ. ਨਗਰ ਨੂੰ ਉਨ੍ਹਾਂ ਦੇ ਪੱਤਰ ਨੰ. 335 ਮਿਤੀ 19.08.2025 ਦੇ ਸਬੰਧ ਵਿੱਚ।
2. ਸੁਪਰਡੰਟ (ਸਮੇਤ ਡੀ.ਡੀ ਨੰ. 822335 ਮਿਤੀ 12-08-2025, ਬਾਬਤ ਰਕਮ 10,000/- ਮੂਲ ਰੂਪ ਵਿੱਚ)

ਨੱਥੀ/ਡੀ.ਡੀ. ਲੜੀ ਨੰ. 2 ਲਈ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

# BUILDING SAFETY CERTIFICATE

**Subject:** **Building Safety Certificate for Gem Public Sr. Sec. School, Phase 3B2, SAS Nagar (Mohali).**

**Gem Public Sr. Sec. School, Phase 3B2, SAS Nagar(Mohali)** ਦੀ ਬਿਲਡਿੰਗ ਦਾ ਸਟੱਰਕਚਰ ਸਟੇਬਿਲਟੀ ਸਰਟੀਫਿਕੇਟ Er. Saurabh Kumar, M. Tech (Civil) Sector-105 Mohali ਦਾ ਪੱਤਰ ਨੰ: 39/7F/2025 ਮਿਤੀ 24.07.2025 ਨੂੰ ਧਿਆਨ ਵਿੱਚ ਰੱਖਦੇ ਹੋਏ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31.03.2026 ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1 ਨਿਰੀਖਣ ਤੋਂ ਬਾਅਦ ਜੇਕਰ ਸਕੂਲ ਵੱਲੋਂ ਨੱਥੀ ਪਲੈਨ ਵਿੱਚ ਦਰਸਾਈ ਗਈ ਬਿਲਡਿੰਗ ਦੇ ਸਟਰੱਕਚਰ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਜਾਂ ਨਵੀਂ ਉਸਾਰੀ ਕੀਤੀ ਜਾਂਦੀ ਹੈ ਤਾਂ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇ।

2 ਜੇਕਰ ਕੋਈ ਕੁਦਰਤੀ ਆਫਤ ਕਾਰਨ ਜਾਂ ਕਿਸੇ ਵੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਵੀ ਸਕੂਲ ਮੁੱਖੀ ਨੂੰ ਤੁਰੰਤ ਇਸ ਦਫਤਰ ਨੂੰ ਸੂਚਿਤ ਕਰਨਾ ਪਵੇਗਾ ਤਾਂ ਜ਼ੋ ਬਣਦੀ ਕਾਰਵਾਈ ਕੀਤੀ ਜਾ ਸਕੇ।

3 ਇਸ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ, ਪੰਜਾਬ ਫਾਇਰ ਸਰਵਿਸਿਜ਼, ਐਸ.ਏ.ਐਸ ਨਗਰ ਵੱਲੋਂ ਉਹਨਾਂ ਦੇ ਨੰ: 2004-91693-Fire/69767 ਮਿਤੀ 06.08.2025 ਦੁਆਰਾ ਜਾਰੀ ਕੀਤਾ ਗਿਆ ਹੈ। ਫਾਇਰ ਸੇਫਟੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅੱਗ ਬੁਝਾਊ ਯੰਤਰ ਤਸੱਲੀਬਖਸ਼ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬੁਝਾਉਂਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ, ਇਸ ਨੂੰ ਯਕੀਨੀ ਬਣਾਇਆ ਜਾਵੇ।

4 ਉਕਤ ਕਿਸੇ ਵੀ ਹਾਲਾਤ ਵਿੱਚ ਜਾਂ ਹੋਰ ਕੋਈ ਕੁਦਰਤੀ/ਮਨੁੱਖ ਆਫਤਾਂ ਆਉਂਣ ਦੀ ਸੂਰਤ ਵਿੱਚ ਬਿਲਡਿੰਗ ਦੀ ਤੁਰੰਤ ਰੀ.ਇੰਸਪੈਕਸ਼ਨ ਕਰਾਉਂਣ ਦੀ ਨਿਰੋਲ ਜ਼ਿੰਮੇਵਾਰੀ ਕੇਵਲ ਬਿਨੈਕਾਰ ਦੀ ਹੋਵੇਗੀ।

5 ਜੇਕਰ ਸਕੂਲ ਵੱਲੋਂ ਸੇਫਟੀ ਨਾਲ ਸਬੰਧਤ ਕਿਸੇ ਵੀ ਸ਼ਰਤ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਸ ਵਿਭਾਗ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

6 ਰੋਡ ਅਸੈਸ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਭਵਿੱਖ ਵਿੱਚ ਜੋ ਵੀ ਫੈਸਲਾ ਕੀਤਾ ਜਾਵੇਗਾ, ਇਹ ਸੰਸਥਾ ਉਸ ਨੂੰ ਮੰਨਣ ਦੀ ਪਾਬੰਦ ਹੋਵੇਗੀ।

7 ਜੇਕਰ ਬਿਲਡਿੰਗ ਉਪਰ ਹੋਰ ਮੰਜ਼ਿਲ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਉਸ ਬਿਲਡਿੰਗ ਦੀਆਂ ਹੇਠਲੀਆਂ ਮੰਜ਼ਿਲਾ ਵਿੱਚ ਜਮਾਤਾਂ ਨਾ ਲਗਾਈਆਂ ਜਾਣ।

8 ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

9 ਇਹ ਸਰਟੀਫਿਕੇਟ ਕੇਵਲ Visual Inspection ਦੀ ਅਧਾਰ ਤੇ ਕੇਵਲ Structural Safety ਪੱਖੋਂ ਜਾਰੀ ਕੀਤਾ ਗਿਆ ਹੈ। ਇਸ ਵਿੱਚ ਕੋਈ ਬਿਜਲੀ, ਮਸ਼ੀਨਰੀ, Equipment ਆਦਿ ਬਾਬਤ ਇਸ ਦਫਤਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

10 ਇਹ ਸਰਟੀਫਿਕੇਟ Er. Saurabh Kumar, M.Tech (Civil) Sector-105 Mohali ਵੱਲੋਂ ਸਾਈਟ ਨਿਰੀਖਣ ਉਪਰੰਤ ਜਾਰੀ ਕੀਤੇ ਸਟਰੱਕਚਰ ਸੇਫਟੀ ਸਰਟੀਫਿਕੇਟ ਦੇ ਅਧਾਰ ਤੇ ਜਾਰੀ ਕੀਤਾ ਜਾਂਦਾ ਹੈ।

11 ਇਸ ਸਕੂਲ ਇਕ ਬਲਾਕ ਹੈ। ਬਲਾਕ ਵਿੱਚ 2 ਫਲੋਰ (GF+ FF) ਹਨ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ: ਭ ਤੇ ਮ ਸ਼ਾਖਾ,
ਐਸ.ਏ.ਐਸ ਨਗਰ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ, ਲੋ:ਨਿ:ਵਿ: ਭ ਤੇ ਮ ਸ਼ਾਖਾ,
ਐਸ.ਏ.ਐਸ ਨਗਰ।